ਨੰਬਰ 908 / ਪ੍ਰੋ:ਏ:2

ਮਿਤੀ 14/10/2024

ਵੱਲੋਂ

ਮੁੱਖ ਇੰਜੀਨੀਅਰ/ ਨਹਿਰਾਂ,
ਜਲ ਸਰੋਤ ਵਿਭਾਗ, ਪੰਜਾਬ,
ਚੰਡੀਗੜ੍ਹ।

ਵੱਲ

ਨਿਗਰਾਨ ਇੰਜੀਨੀਅਰ,
ਅਪਰ ਬਾਰੀ ਦੁਆਬ ਕੈਨਾਲ ਸਰਕਲ,
ਅੰਮ੍ਰਿਤਸਰ।

ਵਿਸ਼ਾ: ਰਬੀ ਸਮੇਂ ਮਿਤੀ 24-10-2024 ਤੋਂ ਮਿਤੀ 25-04-2025 ਦੌਰਾਨ ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਦੇ ਚਲਾਉਣ ਦਾ ਵਾਰੀ ਬੰਦੀ ਪ੍ਰੋਗਰਾਮ।

*******

ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਨੂੰ ਰਬੀ ਸਮੇਂ ਦੌਰਾਨ ਮਿਤੀ 24-10-2024 ਤੋਂ ਮਿਤੀ 25-04-2025 ਤੱਕ ਚਲਾਉਣ ਦਾ ਮੁੱਖ ਇੰਜੀਨੀਅਰ/ਨਹਿਰਾਂ ਜੀ ਵੱਲੋ ਮੰਨਜੂਰਸ਼ੁਦਾ ਪ੍ਰੋਗਰਾਮ ਤਿਆਰ ਕਰਕੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਇਸ ਵਾਰੀ ਬੰਦੀ ਪ੍ਰੋਗਰਾਮ ਦਾ ਸਬੰਧਤ ਸਾਰੇ ਕਾਸ਼ਤਕਾਰਾਂ ਦੀ ਆਮ ਜਾਣਕਾਰੀ ਹਿੱਤ ਕਾਫੀ ਪ੍ਰਚਾਰ ਕੀਤਾ ਜਾਵੇ। ਜਦੋਂ ਵੀ ਅਪਰ ਬਾਰੀ ਦੁਆਬ ਕੈਨਾਲ ਦੇ ਦੋਹਾਂ ਗਰੁੱਪਾਂ ਦਾ ਇਨਡੈਂਟ ਵੱਧ ਹੋਵੇ ਤੇ ਪਾਣੀ ਦੀ ਉਪਲੱਬਧਤਾ ਘੱਟ ਹੋਵੇ ਤਾਂ ਇਸ ਵਾਰੀ ਬੰਦੀ ਪ੍ਰੋਗਰਾਮ ਨੂੰ ਲਾਗੂ ਕੀਤਾ ਜਾਵੇ।

ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਹੋ ਜਿਹਾ ਵਾਰੀ ਬੰਦੀ ਪ੍ਰੋਗਰਾਮ ਹਰੇਕ ਰਜਵਾਹੇ ਲਈ ਵੀ ਬਣਾਇਆ ਜਾਵੇ ਅਤੇ ਸਬੰਧਤ ਕਾਰਜਕਾਰੀ ਇੰਜੀਨੀਅਰ ਆਪਣੀ ਨਿਗਰਾਨੀ ਹੇਠ ਲਾਗੂ ਕਰਨ ਤਾਂ ਕਿ ਨਹਿਰ ਦੇ ਪਾਣੀ ਦੀ ਬੇਤਰਤੀਬੀ ਵੰਡ ਬਾਰੇ ਕੋਈ ਸ਼ਿਕਾਇਤ ਨਾ ਆਵੇ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਵੇ ਕਿ ਜਦੋਂ ਬਰਾਂਚ/ਨਹਿਰ ਵਿੱਚ ਪਾਣੀ ਦੀ ਉਪਲੱਬਧਤਾ ਘੱਟ ਹੋਵੇ ਜਾਂ ਇਨਡੈਂਟ ਮੁਤਾਬਿਕ ਨਾ ਚੱਲਦੀ ਹੋਵੇ ਤਾਂ ਹਰੇਕ ਰਜਬਾਹਾ ਆਪਣੀ ਵਾਰੀ ਮੁਤਾਬਿਕ ਪੂਰੇ 8 ਦਿਨਾਂ ਲਈ ਪੂਰੀ ਸਮਰੱਥਾ ਨਾਲ ਚੱਲੇ।

ਇਸ ਵਾਰੀ ਬੰਦੀ ਪ੍ਰੋਗਰਾਮ ਦੀਆਂ ਕਾਪੀਆਂ ਸਾਰੇ ਨਹਿਰੀ ਵਿਸ਼ਰਾਮ ਘਰਾਂ/ਰੈਗੂਲੇਟ ਕਰਨ ਵਾਲੀਆਂ ਥਾਵਾਂ/ਮੁੱਖ ਨਹਿਰਾਂ/ਰਜਬਾਹਿਆਂ ਦੇ ਹੈਡ ਅਤੇ ਪਿੰਡਾਂ ਦੇ ਪੰਚਾਇਤ ਘਰਾਂ ਵਿੱਚ ਲਾਈਆਂ ਜਾਣ ਅਤੇ ਇੱਕ ਇੱਕ ਕਾਪੀ ਸਬੰਧਤ ਪਿੰਡਾਂ ਦੇ ਸਰਪੰਚਾਂ ਨੂੰ ਵੀ ਦਿੱਤੀ ਜਾਵੇ ਤਾਂ ਕਿ ਕਾਸ਼ਤਕਾਰਾਂ ਨੂੰ ਸਾਲ 2024-2025 ਦੇ ਰਬੀ ਸਮੇਂ ਵਿੱਚ ਪਾਣੀ ਦੀ ਉਪਲੱਬਧਤਾ ਬਾਰੇ ਪੂਰੀ ਜਾਣਕਾਰੀ ਮਿਲ ਸਕੇ। ਇਹ ਦੇਖਣ ਵਿੱਚ ਆਇਆ ਹੈ ਕਿ ਰਬੀ ਸਮੇਂ ਦੌਰਾਨ ਹਲਕਾ ਦਫ਼ਤਰਾਂ ਵੱਲੋਂ ਨਹਿਰੀ ਪਾਣੀ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ।ਇਸ ਕਰਕੇ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਬੀ ਸਮੇਂ ਦੌਰਾਨ ਵੀ ਪਾਣੀ ਦੀ ਵਰਤੋਂ ਵਧਾਉਣ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣ।

ਸਮੇਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹ ਪ੍ਰੋਗਰਾਮ ਤਿਆਰ ਕਰਕੇ ਭੇਜਿਆ ਜਾਂਦਾ ਹੈ। ਜੇਕਰ ਇਸ ਪ੍ਰੋਗਰਾਮ ਨੂੰ ਬਦਲਣ ਜਾਂ ਸੋਧਣ ਦੀ ਜ਼ਰੂਰਤ ਮਹਿਸੂਸ ਹੋਵੇ ਤਾਂ ਮੁੱਖ ਇੰਜੀਨੀਅਰ/ਨਹਿਰਾਂ ਜੀ ਨਾਲ ਸਲਾਹ ਮਸ਼ਵਰਾ ਕੀਤਾ ਜਾਵੇ।

ਨੱਥੀ/ਵਾਰੀ ਬੰਦੀ ਪ੍ਰੋਗਰਾਮ
ਦੀਆਂ ਚਾਰ ਕਾਪੀਆਂ

ਕਾਰਜਕਾਰੀ ਇੰਜੀਨੀਅਰ/ ਨਹਿਰਾਂ,
ਵਾ: ਮੁੱਖ ਇੰਜੀਨੀਅਰ/ਨਹਿਰਾਂ,ਜਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ।

ਨੰਬਰ 909-22/ਰੋਗੁਲੇਸ਼ਨ

ਮਿਤੀ 14/6/2024

ਉਪਰੋਕਤ ਦੀ ਕਾਪੀ, ਸਮੇਤ ਵਾਰੀ ਬੰਦੀ ਪ੍ਰੋਗਰਾਮ ਹੇਠ ਲਿਖੇ ਦਫ਼ਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਜਲ ਸਰੋਤ ਵਿਭਾਗ, ਚੰਡੀਗੜ੍ਹ।
2. ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, **ਦਾਰਾ ਸਟੂਡਿਉ ਦੇ ਸਾਹਮਣੇ ਫੇਜ 6 ਮੋਹਾਲੀ , ।**
3. ਲੋਕ ਸੰਪਰਕ ਅਧਿਕਾਰੀ, ਸਿੰਚਾਈ ਮੰਤਰੀ, ਪੰਜਾਬ, ਕਮਰਾ ਨੰ:11, ਪੰਜਵੀ ਮੰਜਿਲ ਸਿਵਲ ਸਕੱਤਰੇਤ, ਚੰਡੀਗੜ੍ਹ।
4. ਕਾਰਜਕਾਰੀ ਇੰਜੀਨੀਅਰ, ਗੁਰਦਾਸਪੁਰ ਮੰਡਲ, ਯੂ.ਬੀ.ਡੀ.ਸੀ, ਗੁਰਦਾਸਪੁਰ।
5. ਕਾਰਜਕਾਰੀ ਇੰਜੀਨੀਅਰ, ਜੰਡਿਆਲਾ ਮੰਡਲ, ਯੂ.ਬੀ.ਡੀ.ਸੀ, ਅੰਮ੍ਰਿਤਸਰ।
6. ਕਾਰਜਕਾਰੀ ਇੰਜੀਨੀਅਰ, ਮਾਧੋਪੁਰ ਮੰਡਲ, ਯੂ.ਬੀ.ਡੀ.ਸੀ, ਗੁਰਦਾਸਪੁਰ।
7.. ਕਾਰਜਕਾਰੀ ਇੰਜੀਨੀਅਰ, ਮਜੀਠਾ ਮੰਡਲ,ਯੂ.ਬੀ.ਡੀ.ਸੀ, ਅੰਮ੍ਰਿਤਸਰ।
8. ਡਿਪਟੀ ਕਮਿਸ਼ਨਰ, ਅੰਮ੍ਰਿਤਸਰ।
9. ਡਿਪਟੀ ਕਮਿਸ਼ਨਰ, ਗੁਰਦਾਸਪੁਰ।
10। ਡਿਪਟੀ ਕਮਿਸ਼ਨਰ, ਤਰਨਤਾਰਨ।
11। ਡਿਪਟੀ ਕਮਿਸ਼ਨਰ, ਪਠਾਣਕੋਟ।
12। ਡਾਇਰੈਕਟਰ, ਐਕਸਟੈਂਸ਼ਨ ਐਜੂਕੇਸ਼ਨ., ਪੰਜਾਬ, ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
13. ਕਾਰਜਕਾਰੀ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ, ਮੁੱਖ ਦਫ਼ਤਰ, ਪੰਜਾਬ, ਚੰਡੀਗੜ੍ਹ।.
14. ਇਨਚਾਰਜ ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਵੈਬ ਸਾਇਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ ।

ਸਹਿਪੱਤਰ/ਉਪਰੋਕਤ ਅਨੁਸਾਰ

ਸ. [signature]
ਕਾਰਜਕਾਰੀ ਇੰਜੀਨੀਅਰ/ਨਹਿਰਾਂ,
ਵਾ: ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ।

ਨੋਟ :-ਇਸ ਸਮੇਂ ਦੌਰਾਨ ਜੇਕਰ ਕਿਸੇ ਕਾਰਨ ਕਰਕੇ ਨਹਿਰ ਦੀ ਬੰਦੀ ਆ ਜਾਂਦੀ ਹੈ ਤਾਂ ਸਬੰਧਤ ਨਿਗਰਾਨ ਇੰਜੀਨੀਅਰ ਵੱਲੋਂ ਵਾਰੀ ਬੰਦੀ ਪ੍ਰੋਗਰਾਮ ਬਿਨ੍ਹਾਂ ਕਿਸੇ ਨੋਟਿਸ ਦੇ ਬਦਲਿਆ/ਦੋਹਰਾਇਆ ਜਾ ਸਕਦਾ ਹੈ।

ਅਪਰ ਬਾਰੀ ਦੁਆਬ ਕੈਨਾਲ ਸਿਸਟਮ ਦੀਆਂ ਨਹਿਰਾਂ ਦਾ ਰਬੀ ਸਮਾਂ ਮਿਤੀ 24-10-2024 ਤੋਂ ਮਿਤੀ 25-04-2025 ਤੱਕ ਦਾ ਵਾਰੀ ਬੰਦੀ ਪ੍ਰੋਗਰਾਮ।

| ਲੜੀ ਨੰ: | ਸਮਾਂ | | ਕਸੂਰ ਬਰਾਂਚ ਲੋਅਰ ਅਤੇ ਮੇਨ ਲਾਈਨ ਤੱਕ ਦੇ ਰਜਬਾਹੇ (ਗਾਜੀਕੋਟ ਨੂੰ ਛੱਡਕੇ) 1418 ਕਿਊਸਿਕਸ (ੳ) | ਸਭਰਾਓ ਬਰਾਂਚ 1334 ਕਿਊਸਿਕਸ (ਅ) | ਲਹੌਰ ਬਰਾਂਚ, ਧਿਆਨ ਪੁਰਾ, ਅਲੀਵਾਲ ਮਜੀਠਾ, ਕੋਟਲਾ, ਕੋਟ ਕਰਮਚੰਦ, ਖੇੜੀਵਾਲਾ, ਬਰੀਟੇਵਾਲਾ, ਕੰਜਾਰ,ਖੇਬੇਹਾਲੀ ਰਜਬਾਹੇ 1059 ਕਿਊਸਿਕਸ (ੲ) | ਮੇਨ ਬਰਾਂਚ ਲੋਅਰ, ਫਤਿਹਗੜ੍ਹ,ਰਾਈਆਂ, ਬਿਜਨੀਵਾਲ,ਗਾਜੀਕੋਟ ਰਜਬਾਹੇ 1154 ਕਿਊਸਿਕਸ (ਸ) |
|---|---|---|---|---|---|---|
| | ਤੋ | ਤੱਕ | | | | |
| 1 | 24/10/2024 | 31/10/2024 | 3 | 4 | 1 | 2 |
| 2 | 01/11/2024 | 08/11/2024 | 1 | 2 | 3 | 4 |
| 3 | 09/11/2024 | 16/11/2024 | 4 | 3 | 2 | 1 |
| 4 | 17/11/2024 | 24/11/2024 | 2 | 1 | 4 | 3 |
| 5 | 25/11/2024 | 02/12/2024 | 3 | 4 | 1 | 2 |
| 6 | 03/12/2024 | 10/12/2024 | 1 | 2 | 3 | 4 |
| 7 | 11/12/2024 | 18/12/2024 | 4 | 3 | 2 | 1 |
| 8 | 19/12/2024 | 26/12/2024 | 2 | 1 | 4 | 3 |
| 9 | 27/12/2024 | 03/01/2025 | 3 | 4 | 1 | 2 |
| 10 | 04/01/2025 | 11/01/2025 | 1 | 2 | 3 | 4 |
| 11 | 12/01/2025 | 19/01/2025 | 4 | 3 | 2 | 1 |
| 12 | 20/01/2025 | 27/01/2025 | 2 | 1 | 4 | 3 |
| 13 | 28/01/2025 | 04/02/2025 | 3 | 4 | 1 | 2 |
| 14 | 05/02/2025 | 12/02/2025 | 1 | 2 | 3 | 4 |
| 15 | 13/02/2025 | 20/02/2025 | 4 | 3 | 2 | 1 |
| 16 | 21/02/2025 | 28/02/2025 | 2 | 1 | 4 | 3 |
| 17 | 01/03/2025 | 08/03/2025 | 3 | 4 | 1 | 2 |
| 18 | 09/03/2025 | 16/03/2025 | 1 | 2 | 3 | 4 |
| 19 | 17/03/2025 | 24/03/2025 | 4 | 3 | 2 | 1 |
| 20 | 25/03/2025 | 01/04/2025 | 2 | 1 | 4 | 3 |
| 21 | 02/04/2025 | 09/04/2025 | 3 | 4 | 1 | 2 |
| 22 | 10/04/2025 | 17/04/2025 | 1 | 2 | 3 | 4 |
| 23 | 18/04/2025 | 25/04/2025 | 4 | 3 | 2 | 1 |

ਨੋਟ: 1. ਉਪਰੋਕਤ ਵਾਰੀ ਬੰਦੀ ਪ੍ਰੋਗਰਾਮ ਰਣਜੀਤ ਸਾਗਰ ਡੈਮ ਵਿੱਚ ਪਾਣੀ ਦੀ ਉਪਲੱਭਤਾ ਤੇ ਨਿਰਭਰ ਕਰਦਾ ਹੈ।

2. ਨਿਗਰਾਨ ਇੰਜੀਨੀਅਰ, ਅਪਰਬਾਰੀ ਦੁਆਬ ਕੈਨਾਲ ਸਰਕਲ, ਅੰਮ੍ਰਿਤਸਰ ਕਿਸੇ ਸਮੇਂ ਬਿਨਾਂ ਕਿਸੇ ਨੋਟਿਸ ਦਿੱਤੇ ਇਸ ਨੂੰ ਬਦਲਣ ਦੀ ਸਮਰੱਥਾ ਰੱਖਦੇ ਹਨ।

3. ਮੇਨ ਬਰਾਂਚ ਲੋਅਰ, ਦਿਵਾਲੀ ਅਤੇ ਵਿਸਾਖੀ ਤੋਂ ਪਹਿਲਾਂ ਦਰਬਾਰ ਸਾਹਿਬ ਅਤੇ ਦੁਰਗਿਆਣਾ ਮੰਦਰ ਦੇ ਸਰੋਵਰ ਵਾਸਤੇ ਪਹਿਲੀ ਅਤੇ ਦੂਜੀ ਤਰਜੀਹ ਤੇ ਚੱਲੇਗੀ।

| ਪਹਿਲਾਂ ਗਰੁੱਪ | | ਦੂਜਾ ਗਰੁੱਪ | |
|---|---|---|---|
| (ੳ) | 1418 ਕਿਊਸਿਕਸ | (ੲ) | 1059 ਕਿਊਸਿਕਸ |
| (ਅ) | 1334 ਕਿਊਸਿਕਸ | (ਸ) | 1154 ਕਿਊਸਿਕਸ |